# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ
# ਸਮੱਗਰ ਸਿੱਖਿਆ ਅਭਿਆਨ,ਪੰਜਾਬ

ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਸ.ਅ.ਸ. ਨਗਰ, ਈਮੇਲ: iedpunjabssa@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.)
ਸਮੂਹ ਸਕੂਲ ਮੁੱਖੀ (ਵੈਬ-ਸਾਇਟ ਰਾਹੀਂ)
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2019/46956-7000          ਮਿਤੀ: 08.02.19

**ਵਿਸ਼ਾ :-** **ਵਿਲੱਖਣ ਸਮਰੱਥਾ ਵਾਲੇ VI, HI ਅਤੇ MR ਕੈਟਾਗਰੀ ਦੇ ਪੰਜਵੀਂ ਤੋਂ ਬਾਰ੍ਹਵੀਂ ਜਮਾਤ ਦੇ ਪ੍ਰੀਖਿਆਰਥੀਆਂ ਲਈ ਵਿਸ਼ੇਸ਼ ਪ੍ਰੀਖਿਆ ਸਹੂਲਤਾਂ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਵਿਲੱਖਣ ਸਮਰੱਥਾ ਵਾਲੇ VI (visually impaired), HI (hearing impaired) ਅਤੇ MR (mentally retarded) ਕੈਟਾਗਰੀ ਦੇ ਘੱਟੋ ਘੱਟ 40% ਅਪੰਗਤਾ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਪ੍ਰੀਖਿਆ ਸਬੰਧੀ ਹੇਠ ਲਿਖੇ ਅਨੁਸਾਰ ਵਿਸ਼ੇਸ਼ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ:-

1. ਵਿਲੱਖਣ ਸਮਰੱਥਾ ਵਾਲੇ VI, HI ਅਤੇ MR ਕੈਟਾਗਰੀ ਦੇ ਵਿਦਿਆਰਥੀਆਂ ਲਈ ਪੰਜਵੀਂ ਤੋਂ ਬਾਰ੍ਹਵੀਂ ਜਮਾਤ ਲਈ ਪ੍ਰਸ਼ਨ ਪੱਤਰਾਂ ਦੀ ਵੱਖਰੀ ਅਤੇ ਸਰਲ ਰੂਪ ਰੇਖਾ (scheme of questions) ਨਿਸ਼ਚਿਤ ਕੀਤੀ ਗਈ ਹੈ। ਇਹਨਾਂ ਪ੍ਰੀਖਿਆਰਥੀਆਂ ਲਈ ਪ੍ਰੀਖਿਆ ਵਿੱਚ ਇਸ ਸਕੀਮ ਅਨੁਸਾਰ ਵੱਖਰਾ ਪ੍ਰਸ਼ਨ ਪੱਤਰ ਹੋਵੇਗਾ।
   - i. ਇਸ ਪ੍ਰਸ਼ਨ ਪੱਤਰ ਵਿੱਚ ਲੱਗਭਗ 60% ਪ੍ਰਸ਼ਨ ਵਸਤੂਨਿਸ਼ਠ (objective type) ਕਿਸਮ ਦੇ ਹੋਣਗੇ। ਹਰ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।
   - ii. ਵਿਸ਼ੇ ਦੀ ਲੋੜ ਨੂੰ ਮੁਖ ਰੱਖਦੇ ਹੋਏ ਲੱਗਭਗ 20% ਬਹੁਤ ਛੋਟੇ ਉੱਤਰਾਂ ਵਾਲੇ (very short answer type) ਪ੍ਰਸ਼ਨ ਹੋਣਗੇ, ਜਿਹਨਾਂ ਦਾ ਉੱਤਰ 1 ਜਾਂ 2 ਵਾਕਾਂ ਵਿੱਚ ਦੇਣਾ ਹੋਵੇਗਾ। ਹਰ ਪ੍ਰਸ਼ਨ 3 ਅੰਕਾਂ ਦਾ ਹੋਵੇਗਾ।
   - iii. ਵਿਸ਼ੇ ਦੀ ਲੋੜ ਨੂੰ ਮੁਖ ਰੱਖਦੇ ਹੋਏ ਲੱਗਭਗ 20% ਛੋਟੇ ਉੱਤਰਾਂ ਵਾਲੇ (short answer type) ਪ੍ਰਸ਼ਨ ਹੋਣਗੇ ਜਿਹਨਾਂ ਦਾ ਉੱਤਰ 4 ਜਾਂ 5 ਵਾਕਾਂ ਵਿੱਚ ਦੇਣਾ ਹੋਵੇਗਾ। ਹਰ ਪ੍ਰਸ਼ਨ 4 ਅੰਕਾਂ ਦਾ ਹੋਵੇਗਾ।
   - iv. ਗਣਿਤ ਅਤੇ ਸਮਾਜਿਕ ਸਿੱਖਿਆ ਸਬੰਧੀ ਵਿਸ਼ੇਸ਼ ਹਦਾਇਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ <www.pseb.ac.in> ਦੇ link <www.pseb.ac.in/9th-class-question-bank> ਉੱਤੇ ਉਪਲਬਧ ਹਨ।

2. ਉਪਰੋਕਤ ਲੜੀ ਨੰ: 1 ਤੇ ਦਰਸ਼ਾਈ ਸਕੀਮ ਅਨੁਸਾਰ ਵਿਲੱਖਣ ਸਮਰੱਥਾ ਵਾਲੇ VI, HI ਅਤੇ MR ਕੈਟਾਗਰੀ ਦੇ ਵਿਦਿਆਰਥੀਆਂ ਲਈ ਪੰਜਵੀਂ ਤੋਂ ਅਠਵੀਂ ਅਤੇ ਦਸਵੀਂ/ ਬਾਰ੍ਹਵੀਂ ਜਮਾਤ ਦੇ ਪ੍ਰੀਖਿਆਰਥੀਆਂ ਲਈ ਹਰ ਵਿਸ਼ੇ ਦੇ ਪ੍ਰਸ਼ਨ ਇੱਕਤਰ ਕਰਕੇ ਇੱਕ ਪ੍ਰਸ਼ਨ ਬੈਂਕ ਤਿਆਰ ਕੀਤਾ ਗਿਆ ਹੈ। **ਸਾਲਾਨਾ ਪ੍ਰੀਖਿਆ ਵਿੱਚ ਪ੍ਰਸ਼ਨ ਪੱਤਰ ਇਸ ਪ੍ਰਸ਼ਨ ਬੈਂਕ ਵਿੱਚ ਦਿੱਤੇ ਪ੍ਰਸ਼ਨਾਂ ਅਨੁਸਾਰ ਹੀ ਤਿਆਰ ਕੀਤਾ ਜਾਵੇਗਾ।**

ਪਰਤੇ ਜੀ..

(ੳ) **ਪੰਜਵੀਂ ਤੋਂ ਅਠਵੀਂ** ਤੱਕ ਦੇ ਵਿਸ਼ਿਆਂ ਦਾ ਪ੍ਰਸ਼ਨ ਬੈਂਕ ਐਸ.ਸੀ.ਈ.ਆਰ.ਟੀ. ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਪ੍ਰਸ਼ਨ ਬੈਂਕ ਸਰਵ ਸਿੱਖਿਆ ਅਭਿਆਨ ਦੀ ਵੈਬਸਾਈਟ <www.ssapunjab.org> 'ਤੇ SCERT link ਉੱਤੇ study material link ਤੇ ਅੱਪਲੋਡ ਕੀਤੇ ਗਏ ਹਨ। ਇਹ directly <ssapunjab.org/scert/studymaterial.html> ਤੇ ਉਪਲਬਧ ਹਨ।

(ਅ) ਉਕਤ ਪ੍ਰਸ਼ਨ ਬੈਂਕ 100% ਹੱਲ ਕੀਤਾ ਗਿਆ ਹੈ, ਭਾਵ ਜਵਾਬ ਨਾਲ ਹੀ ਦਿੱਤੇ ਗਏ ਹਨ। ਸਮੂਹ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਲੋੜ ਅਨੁਸਾਰ ਸਬੰਧਤ ਜਮਾਤ ਦੇ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਡਾਊਨਲੋਡ ਕਰਕੇ ਵਿਦਿਆਰਥੀਆਂ ਨੂੰ ਤੁਰੰਤ ਉਪਲੱਬਧ ਕਰਵਾਏ ਜਾਣ ਤਾਂ ਜੋ ਉਹ ਸਮੇਂ ਸਿਰ ਪ੍ਰੀਖਿਆ ਦੀ ਤਿਆਰੀ ਕਰ ਸਕਣ। ਕੁੱਝ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਅਜੇ ਮੁਕੰਮਲ ਹੋ ਰਹੇ ਹਨ; ਇਹ ਵੀ ਜਲਦ ਹੀ ਉਕਤ ਵੈਬਸਾਈਟ ਦੇ ਲਿੰਕ ਤੇ ਅੱਪਲੋਡ ਕਰ ਦਿੱਤੇ ਜਾਣਗੇ।

(ੲ) **ਦਸਵੀਂ ਜਮਾਤ** ਦੇ MR, VI ਅਤੇ HI ਪ੍ਰੀਖਿਆਰਥੀਆਂ ਲਈ ਸਮੂਹ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਿਆਰ ਕੀਤੇ ਗਏ ਹਨ। ਇਹਨਾਂ ਨੂੰ ਵੀ 100% ਹੱਲ ਕੀਤਾ ਗਿਆ ਹੈ, ਭਾਵ ਜਵਾਬ ਨਾਲ ਹੀ ਦਿੱਤੇ ਗਏ ਹਨ। ਇਹ ਪ੍ਰਸ਼ਨ ਬੈਂਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ <www.pseb.ac.in> ਤੇ Question Bank for HI/VI/MR Students link ਤੇ ਅੱਪਲੋਡ ਕੀਤੇ ਗਏ ਹਨ। ਇਹ <www.pseb.ac.in/question-bank> ਤੇ directly access ਹੋ ਸਕਦੇ ਹਨ। ਸਮੂਹ ਅਧਿਆਪਕ ਇਹਨਾਂ ਨੂੰ ਡਾਊਨਲੋਡ ਕਰਕੇ ਵਿਦਿਆਰਥੀਆਂ ਦੀ ਜਮਾਤ ਅਤੇ ਵਿਸ਼ੇ ਅਨੁਸਾਰ ਉਹਨਾਂ ਨੂੰ ਤੁਰੰਤ ਉਪਲਬਧ ਕਰਵਾਉਣ ਤਾਂ ਜੋ ਉਹ ਸਮੇਂ ਸਿਰ ਪੇਪਰਾਂ ਦੀ ਤਿਆਰੀ ਕਰ ਸਕਣ।

(ਸ) ਇਸੇ ਤਰ੍ਹਾਂ **ਬਾਰ੍ਹਵੀਂ ਜਮਾਤ** ਦੇ ਪ੍ਰੀਖਿਆਰਥੀਆਂ ਲਈ ਲੋੜੀਂਦੇ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਬਨਾਉਣ ਦਾ ਕੰਮ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕੀਤਾ ਜਾ ਰਿਹਾ ਹੈ। ਇਸ ਪ੍ਰਸ਼ਨ ਬੈਂਕ ਦੇ ਸਾਰੇ objective type ਪ੍ਰਸ਼ਨਾਂ ਨੂੰ 100% ਹੱਲ ਕੀਤਾ ਗਿਆ ਹੈ। ਪਰੰਤੂ ਛੋਟੇ ਉੱਤਰਾਂ ਅਤੇ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੱਲ ਨਹੀਂ ਕੀਤੇ ਗਏ ਹਨ। ਬਹੁਤ ਸਾਰੇ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਬਣ ਚੁੱਕੇ ਹਨ ਅਤੇ ਪ.ਸ.ਸਿ. ਬੋਰਡ ਦੀ ਉਕਤ website ਤੇ ਅੱਪਲੋਡ ਕੀਤੇ ਜਾ ਚੁੱਕੇ ਹਨ। ਕੁੱਝ ਰਹਿੰਦੇ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਤਿਆਰ ਹੋ ਰਹੇ ਹਨ ਅਤੇ ਜਲਦ ਹੀ ਅੱਪਲੋਡ ਕਰ ਦਿੱਤੇ ਜਾਣਗੇ।

(ਹ) ਵਿਦਿਆਰਥੀਆਂ ਦੀ ਸੁਵਿਧਾ ਲਈ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵੱਖ-ਵੱਖ ਵਿਸ਼ਿਆਂ ਦੇ **ਮਾਡਲ ਟੈਸਟ ਪੇਪਰ** ਵੀ ਬਣਾਏ ਗਏ ਹਨ, ਜੋ ਕਿ ਬੋਰਡ ਦੀ ਉਪਰੋਕਤ ਵੈਬ-ਸਾਈਟ 'ਤੇ ਉਪਲਬਧ ਹਨ। ਅਧਿਆਪਕ ਇਹਨਾਂ ਮਾਡਲ ਟੈਸਟ ਪੇਪਰਾਂ ਦਾ ਵਿਦਿਆਰਥੀਆਂ ਨੂੰ ਅਭਿਆਸ ਕਰਵਾਉਣ।

ਪਰੰਤੂ ਸੀ....

ਪਰੰਤੂ ਸੀ....

(ੲ) **ਨੌਵੀਂ ਅਤੇ ਗਿਆਰ੍ਹਵੀਂ** ਜਮਾਤ ਦੀ ਪ੍ਰੀਖਿਆ ਸਕੂਲ ਪੱਧਰ ਉੱਤੇ ਲਈ ਜਾਂਦੀ ਹੈ। ਇਸ ਲਈ ਬੋਰਡ ਦੇ ਫੈਸਲੇ ਅਨੁਸਾਰ ਇਹਨਾਂ ਜਮਾਤਾਂ ਦੇ ਪ੍ਰਸ਼ਨ ਬੈਂਕ ਬੋਰਡ ਦੀਆਂ ਨਿਰਧਾਰਿਤ ਕੀਤੀਆਂ ਹਦਾਇਤਾਂ ਦੇ ਅਨੁਕੂਲ ਸਕੂਲ ਪੱਧਰ ਤੇ ਹੀ ਸਬੰਧਤ ਅਧਿਆਪਕਾਂ ਵੱਲੋਂ ਸਮੇਂ ਸਿਰ ਤਿਆਰ ਕਰ ਲਏ ਜਾਣ ਅਤੇ ਸਬੰਧਤ ਵਿਦਿਆਰਥੀਆਂ ਨੂੰ ਇਹਨਾਂ ਅਨੁਸਾਰ ਹੀ ਪੇਪਰਾਂ ਲਈ ਤਿਆਰੀ ਕਰਵਾਈ ਜਾਵੇ। ਇਸ ਸਬੰਧੀ ਦਿਸ਼ਾ ਨਿਰਦੇਸ਼ ਬੋਰਡ ਦੀ website <www.pseb.ac.in> ਦੇ link <important links> ਤੇ <9th Class Question Bank> ਉੱਤੇ ਉਪਲੱਬਧ ਹਨ।

3. ਸਮੂਹ ਸਕੂਲ ਮੁੱਖੀ ਇਹ ਨੋਟ ਕਰਨ ਕਿ **ਲਿਖਾਰੀ (scribe) ਦੀ ਸੁਵਿਧਾ ਕੇਵਲ ਨੇਤਰਹੀਣ ਵਿਦਿਆਰਥੀਆਂ ਨੂੰ ਹੀ ਨਹੀਂ ਸਗੋਂ ਹਰ ਉਸ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀ ਨੂੰ ਦਿੱਤੀ ਜਾ ਸਕਦੀ ਹੈ ਜਿਸ ਨੂੰ ਇਸ ਦੀ ਲੋੜ ਹੈ** ਅਤੇ ਜੋ ਬੋਰਡ ਦੇ ਨਿਯਮਾਂ ਮੁਤਾਬਕ ਇਹ ਸੁਵਿਧਾ ਪ੍ਰਾਪਤ ਕਰਨ ਲਈ ਹੱਕਦਾਰ (eligible) ਹੈ। ਸਕੂਲ ਮੁੱਖੀ ਇਹ ਵੀ ਨੋਟ ਕਰਨ ਕਿ ਬੋਰਡ ਵੱਲੋਂ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਤੋਂ ਲਿਖਾਰੀ ਦੀ ਕੋਈ ਫੀਸ ਨਹੀਂ ਲਈ ਜਾਵੇਗੀ। ਵਿਲੱਖਣ ਸਮਰੱਥਾ ਵਾਲੇ ਸਮੂਹ ਪ੍ਰੀਖਿਆਰਥੀਆਂ ਲਈ ਅਤੇ ਉਹਨਾਂ ਪ੍ਰੀਖਿਆਰਥੀਆਂ ਲਈ ਜੋ ਲਿਖਾਰੀ ਦੀ ਸੁਵਿਧਾ ਲੈਂਦੇ ਹਨ, ਉਹਨਾਂ ਨੂੰ ਪੇਪਰ ਹੱਲ ਕਰਨ ਲਈ 3 ਘੰਟੇ ਦੀ ਪ੍ਰੀਖਿਆ ਲਈ 1 ਘੰਟੇ ਦਾ ਵੱਧ ਸਮਾ ਮਿਲੇਗਾ। ਭਾਵ ਪ੍ਰਤੀ ਘੰਟਾ 20 ਮਿੰਟ ਵਾਧੂ ਮਿਲਣਗੇ। ਲਿਖਾਰੀ ਲੈਣ ਲਈ ਦਿਸ਼ਾ ਨਿਰਦੇਸ਼ ਬੋਰਡ ਦੀ ਵੈਬਸਾਈਟ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਇਸ ਪੱਤਰ ਨਾਲ ਨੱਥੀ ਹਨ।

4. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨੋਟੀਫਿਕੇਸ਼ਨ ਅਨੁਸਾਰ ਵਿਲੱਖਣ ਸਮਰੱਥਾ ਵਾਲੇ 10ਵੀਂ ਅਤੇ 12ਵੀਂ ਜਮਾਤ ਦੇ ਪ੍ਰੀਖਿਆਰਥੀਆਂ ਲਈ ਪ.ਸ.ਸਿ. ਬੋਰਡ ਵੱਲੋਂ ਜੋ concessions/ exemptions ਦਿੱਤੀਆਂ ਗਈਆਂ ਹਨ, ਉਹਨਾਂ ਨੂੰ ਸਮੂਹ ਸਕੂਲ ਮੁੱਖੀਆਂ ਵੱਲੋਂ ਧਿਆਨ ਨਾਲ ਪੜ੍ਹਿਆ ਜਾਵੇ ਅਤੇ ਸਬੰਧਤ ਵਿਦਿਆਰਥੀਆਂ ਅਤੇ ਸਮੂਹ ਅਧਿਆਪਕਾਂ ਨੂੰ ਸੂਚਿਤ ਵੀ ਕੀਤਾ ਜਾਵੇ। ਖਾਸ ਤੌਰ ਤੇ Scheme of Studies ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਜਿਸ ਅਨੁਸਾਰ ਘੱਟੋ ਘੱਟ 40% ਅਪੰਗਤਾ ਵਾਲੇ ਪ੍ਰੀਖਿਆਰਥੀਆਂ ਨੂੰ Group-1 ਵਿੱਚੋਂ ਇੱਕ compulsory subject ਅਤੇ Group-2 ਵਿੱਚੋਂ ਕੋਈ ਪੰਜ ਵਿਸ਼ੇ ਲਏ ਜਾ ਸਕਦੇ ਹਨ ਜਾਂ Group-1 ਵਿੱਚੋਂ ਇੱਕ compulsory subject ਅਤੇ NSQF ਵਿੱਚੋਂ ਕੋਈ ਇੱਕ ਟਰੇਡ ਅਤੇ Group-2 ਵਿੱਚੋਂ ਕੋਈ ਚਾਰ ਵਿਸ਼ੇ ਲਏ ਜਾ ਸਕਦੇ ਹਨ। ਉਕਤ ਨੋਟੀਫਿਕੇਸ਼ਨ ਦੀ ਕਾਪੀ ਇਸ ਪੱਤਰ ਨਾਲ ਨੱਥੀ ਹੈ।

5. ਸਮੂਹ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਉਪਰੋਕਤ VI, HI ਅਤੇ MR ਕੈਟਾਗਰੀ ਦੇ ਪ੍ਰੀਖਿਆਰਥੀਆਂ ਅਤੇ ਉਹਨਾਂ ਦੇ ਸਬੰਧਤ ਅਧਿਆਪਕਾਂ ਨੂੰ ਦੱਸਣ ਕਿ ਉਕਤ ਤਿਆਰ ਕੀਤੇ ਪ੍ਰਸ਼ਨ ਬੈਂਕ ਦੇ ਅਨੁਸਾਰ ਹੀ ਸਲਾਨਾ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਤਿਆਰ ਕੀਤਾ ਜਾਵੇਗਾ।

6. ਪੰਜਵੀਂ ਤੋਂ ਅੱਠਵੀਂ ਅਤੇ ਬਾਰ੍ਹਵੀਂ ਜਮਾਤ ਦੇ ਕੁੱਝ ਵਿਸ਼ਿਆਂ ਦੇ ਪ੍ਰਸ਼ਨ ਬੈਂਕ ਤਿਆਰ ਹੋ ਰਹੇ ਹਨ; ਉਹ ਜਲਦ ਹੀ ਅੱਪਲੋਡ ਕਰ ਦਿੱਤੇ ਜਾਣਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।